# ਸੂਰਜ ਦੀ ਸ਼ਕਤੀ ਨੂੰ ਆਪਣੇ ਹੱਥਾਂ ਵਿੱਚ ਰੱਖੋ

ਵਿਕਟੋਰੀਆ ਵਾਸੀ ਆਪਣੇ ਊਰਜਾ ਬਿੱਲਾਂ ਨੂੰ ਕਾਬੂ ਕਰ ਰਹੇ ਹਨ, ਜਲਵਾਯੂ ਤਬਦੀਲੀ ਨਾਲ ਨਜਿੱਠ ਰਹੇ ਹਨ ਅਤੇ ਸੋਲਰ ਵਿਕਟੋਰੀਆ ਦੇ ਪ੍ਰੋਗਰਾਮਾਂ ਰਾਹੀਂ ਸਾਰੇ ਵਿਕਟੋਰੀਆ ਵਾਸੀਆਂ ਲਈ ਇਕ ਸਾਫ਼, ਬਿਹਤਰ ਭਵਿੱਖ ਪ੍ਰਦਾਨ ਕਰ ਰਹੇ ਹਨ।

Solar Victoria

VICTORIA State Government



## ਸੋਲਰ ਊਰਜਾ ਪ੍ਰਣਾਲੀ ਕਿਉਂ ਲਗਵਾਉਣੀ ਹੈ?

ਆਪਣੇ ਊਰਜਾ ਬਿੱਲਾਂ ਨੂੰ ਘਟਾਓ

ਆਪਣੀ ਊਰਜਾ ਸਪਲਾਈ ਨੂੰ ਉਤਸ਼ਾਹ ਦਿਓ

ਸੋਲਰ ਉਦਯੋਗ ਵਿੱਚ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰੋ

ਜਲਵਾਯੂ ਤਬਦੀਲੀ ਨਾਲ ਨਜਿੱਠੋ

Solar Homes ਅਤੇ Solar for Business ਪ੍ਰੋਗਰਾਮ ਯੋਗ ਵਿਕਟੋਰੀਆ ਦੇ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਆਪਣੇ ਬਿਜਲੀ ਬਿੱਲਾਂ ਨੂੰ ਸਹੀ ਤਰੀਕੇ ਨਾਲ ਸੰਭਾਲਣ, ਨਵਿਆਉਣਯੋਗ ਊਰਜਾ ਅਪਣਾਉਣ ਅਤੇ ਸਾਰੇ ਵਿਕਟੋਰੀਆ ਵਾਸੀਆਂ ਲਈ ਇਕ ਸਾਫ਼, ਬਿਹਤਰ ਭਵਿੱਖ ਪ੍ਰਦਾਨ ਕਰਨ ਵਿੱਚ ਮਦਦ ਕਰ ਰਹੇ ਹਨ।

Solar panels (PV), solar hot water ਅਤੇ solar batteries ਲਈ ਛੋਟਾਂ ਦੇ ਨਾਲ solar panels (PV) ਲਈ ਵਿਆਜ-ਮੁਕਤ ਕਰਜ਼ਿਆਂ ਸਮੇਤ ਪ੍ਰੋਗਰਾਮ ਦੇ ਲਾਭਾਂ ਨਾਲ ਸੂਰਜੀ ਊਰਜਾ ਨੂੰ ਪ੍ਰਾਪਤ ਕਰਨਾ ਆਸਾਨ ਬਣਾਉਂਦੇ ਹਨ।

ਤੁਹਾਡਾ ਸੂਰਜੀ ਊਰਜਾ ਵਾਲਾ ਵਿਕਰੇਤਾ ਤੁਹਾਡੇ ਵੱਲੋਂ ਛੋਟ ਦਾ ਦਾਅਵਾ ਕਰੇਗਾ ਅਤੇ ਛੋਟ ਦੀ ਰਕਮ ਤੁਹਾਡੀ ਪ੍ਰਣਾਲੀ ਅਤੇ ਲਗਾਉਣ ਦੀ ਸਮੁੱਚੀ ਲਾਗਤ ਤੋਂ ਕੱਟ ਜਾਵੇਗੀ। ਇਕ ਵਾਰ ਲਗਾ ਦਿੱਤੇ ਜਾਣ ਤੋਂ ਬਾਅਦ ਤੁਸੀਂ ਆਪਣੇ ਸੂਰਜੀ ਊਰਜਾ ਵਾਲੇ ਵਿਕਰੇਤਾ ਨੂੰ ਸਿੱਧੇ ਤੌਰ 'ਤੇ ਕੋਈ ਬਕਾਇਆ ਰਹਿੰਦੀ ਰਕਮ ਅਦਾ ਕਰਨ ਲਈ ਜ਼ਿੰਮੇਵਾਰ ਹੋ।

## ਉਪਲਬਧ ਛੋਟਾਂ

**Solar panel (PV) rebate (ਸੋਲਰ ਪੈਨਲ ਛੋਟ)**
ਕਿਰਾਏ ਵਾਲੀਆਂ ਜਾਇਦਾਦਾਂ ਦੇ ਮਾਲਕਾਂ ਸਮੇਤ ਯੋਗ ਪਰਿਵਾਰ solar panels (PV) ਦੀ ਲਾਗਤ ਉਪਰ ਛੋਟ ਦਾ ਦਾਅਵਾ ਕਰ ਸਕਦੇ ਹਨ।

**Solar for rental rebate (ਕਿਰਾਏ ਲਈ ਸੋਲਰ ਵਿੱਚ ਛੋਟ)**
ਕਿਰਾਏ ਦੀਆਂ ਯੋਗ ਜਾਇਦਾਦਾਂ solar panels (PV) ਦੀ ਲਾਗਤ ਉੱਤੇ ਛੋਟ ਤੱਕ ਪਹੁੰਚ ਕਰ ਸਕਦੀਆਂ ਹਨ, ਜੋ ਕਿਰਾਏਦਾਰਾਂ ਨੂੰ ਨਵਿਆਉਣਯੋਗ ਊਰਜਾ ਦੇ ਲਾਭਾਂ ਤੱਕ ਪਹੁੰਚ ਪ੍ਰਦਾਨ ਕਰਦੀਆਂ ਹਨ।

**Solar hot water rebate (ਸੋਲਰ ਗਰਮ ਪਾਣੀ ਦੀ ਛੋਟ)**
ਯੋਗ ਪਰਿਵਾਰ solar hot water ਪ੍ਰਣਾਲੀ ਦੀ ਲਾਗਤ ਉੱਤੇ ਛੋਟ ਦਾ ਦਾਅਵਾ ਕਰ ਸਕਦੇ ਹਨ।

**Solar battery rebate (ਸੋਲਰ ਬੈਟਰੀ ਛੋਟ)**
ਯੋਗ ਪਰਿਵਾਰ solar battery ਦੀ ਲਾਗਤ ਉੱਤੇ ਛੋਟ ਦਾ ਦਾਅਵਾ ਕਰ ਸਕਦੇ ਹਨ।

**Solar for business (ਵਪਾਰਾਂ ਲਈ ਸੋਲਰ)**
ਯੋਗ ਕਾਰੋਬਾਰ, ਜਿਸ ਵਿੱਚ ਮਲਕੀਅਤ ਜਾਂ ਕਿਰਾਏ ਦੀ ਇਮਾਰਤ ਵੀ ਸ਼ਾਮਲ ਹੈ, solar panels (PV) ਦੀ ਲਾਗਤ ਉੱਤੇ ਛੋਟ ਦਾ ਦਾਅਵਾ ਕਰ ਸਕਦੇ ਹਨ।

ਛੋਟ ਦੀ ਹਰੇਕ ਧਾਰਾ ਦੀਆਂ ਆਪਣੀਆਂ ਵਿਲੱਖਣ ਯੋਗਤਾ ਲੋੜਾਂ ਅਤੇ ਅਰਜ਼ੀ ਦੀ ਪ੍ਰਕਿਰਿਆ ਹੈ। ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਆਪਣੇ ਆਪ ਲਈ solar.vic.gov.au ਤੋਂ ਜਾਣਕਾਰੀ ਇਕੱਠੀ ਕਰੋ।

ਇਕ ਵਾਰ ਜਦੋਂ ਤੁਹਾਨੂੰ ਯਕੀਨ ਹੋ ਜਾਂਦਾ ਹੈ ਕਿ ਤੁਹਾਡੀ ਜਾਇਦਾਦ ਯੋਗਤਾ ਦੇ ਮਾਪਦੰਡਾਂ ਉੱਤੇ ਪੂਰੀ ਉੱਤਰਦੀ ਹੈ, ਤਾਂ ਤੁਸੀਂ ਖੋਜ ਸ਼ੁਰੂ ਕਰ ਸਕਦੇ ਹੋ ਕਿ ਕਿਹੜੇ ਸੋਲਰ ਪੇਸ਼ੇਵਰਾਂ ਅਤੇ ਉਤਪਾਦਾਂ ਨੂੰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਅਧਿਕਾਰ ਦਿੱਤਾ ਗਿਆ ਹੈ, ਅਤੇ ਇਹ ਤੁਹਾਡੀਆਂ ਊਰਜਾ ਦੀਆਂ ਲੋੜਾਂ ਨੂੰ ਪੂਰਾ ਕਰ ਸਕਦੇ ਹਨ।

## ਕੀ ਤੁਸੀਂ ਵਿਆਜ-ਮੁਕਤ ਕਰਜ਼ਾ ਇਸ ਦੇ ਨਾਲ ਜੋੜਨਾ ਚਾਹੁੰਦੇ ਹੋ?

ਲਾਗਤਾਂ ਨੂੰ ਹੋਰ ਘਟਾਉਣ ਲਈ, ਵਿੱਚ ਰਹਿਣ ਵਾਲੇ ਮਾਲਕ ਅਤੇ ਕਿਰਾਏ 'ਤੇ ਜਾਇਦਾਦ ਦੇਣ ਵਾਲੇ solar panel (PV) ਪ੍ਰਣਾਲੀਆਂ ਵਾਸਤੇ ਵਿਆਜ-ਮੁਕਤ ਕਰਜ਼ੇ ਵਾਸਤੇ ਅਰਜ਼ੀ ਦੇ ਸਕਦੇ ਹਨ, ਜੋ ਉਹਨਾਂ ਦੇ solar panel (PV) ਦੀ ਛੋਟ ਵਾਲੀ ਰਕਮ ਦੇ ਬਰਾਬਰ ਹੈ। Solar Victoria Portal ਰਾਹੀਂ ਛੋਟ ਵਾਲੀ ਅਰਜ਼ੀ ਪ੍ਰਕਿਰਿਆ ਦੇ ਹਿੱਸੇ ਵਜੋਂ ਤੁਹਾਨੂੰ ਕਰਜ਼ੇ ਵਾਸਤੇ ਤੁਹਾਡੀ ਯੋਗਤਾ ਬਾਰੇ ਸੂਚਿਤ ਕੀਤਾ ਜਾਵੇਗਾ। ਕਰਜ਼ੇ ਨੂੰ ਚਾਰ ਸਾਲਾਂ ਵਿੱਚ ਵਾਪਸ ਕਰਨ ਦੀ ਲੋੜ ਹੈ। **Solar hot water, solar batteries ਜਾਂ solar for businesses ਲਈ ਕਰਜ਼ੇ ਉਪਲਬਧ ਨਹੀਂ ਹਨ।**

# ਸ਼ੁਰੂ ਕਰਨ ਤੋਂ ਪਹਿਲਾਂ:
# ਪ੍ਰੋਗਰਾਮ ਦੀ ਯੋਗਤਾ ਨੂੰ ਸਮਝੋ

| **ਵਿਕਟੋਰੀਆ ਵਾਸੀ ਛੋਟ ਪ੍ਰਾਪਤ ਕਰਨ ਦੇ ਯੋਗ ਹਨ ਜੇ ਉਹ ਹੇਠ ਲਿਖੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ:** | ਸੋਲਰ ਪੈਨਲ ਛੋਟ | ਕਿਰਾਏ ਲਈ ਸੋਲਰ ਵਿੱਚ ਛੋਟ | ਸੋਲਰ ਗਰਮ ਪਾਣੀ ਦੀ ਛੋਟ | ਸੋਲਰ ਬੈਟਰੀ ਛੋਟ | ਵਪਾਰਾਂ ਲਈ ਸੋਲਰ |
|---|---|---|---|---|---|
| ਬਿਨੈਕਾਰ ਲਾਜ਼ਮੀ ਤੌਰ 'ਤੇ ਉਸ ਜਾਇਦਾਦ ਵਿੱਚ ਰਹਿਣ ਵਾਲਾ ਮਾਲਕ ਹੋਣਾ ਚਾਹੀਦਾ ਹੈ ਜਿੱਥੇ ਪ੍ਰਣਾਲੀ ਲਗਾਈ ਜਾ ਰਹੀ ਹੈ | ✓ | | ✓ | ✓ | |
| ਬਿਨੈਕਾਰ ਨੇ ਪਹਿਲਾਂ ਹੀ Solar Homes ਪ੍ਰੋਗਰਾਮ ਦੇ ਅਧੀਨ ਵਿੱਚ ਰਹਿਣ ਵਾਲੇ ਮਾਲਕ ਵਜੋਂ ਛੋਟ ਦਾ ਦਾਅਵਾ ਨਹੀਂ ਕੀਤਾ ਹੈ | ✓ | | ✓ | ✓ | |
| ਸਾਰੇ ਮਾਲਕਾਂ ਦੀ ਕੁੱਲ ਮਿਲਾ ਕੇ ਘਰੇਲੂ ਟੈਕਸਯੋਗ ਆਮਦਨ 180,000 ਡਾਲਰ ਪ੍ਰਤੀ ਸਾਲ ਤੋਂ ਘੱਟ ਹੈ (ਤੁਹਾਡੇ ਆਸਟ੍ਰੇਲੀਅਨ ਟੈਕਸ ਆਫਿਸ ਦੇ ਮੁਲਾਂਕਣ ਨੋਟਿਸ ਦੇ ਆਧਾਰ ਉੱਤੇ) | ✓ | | ✓ | ✓ | |
| ਇਹ ਪਹਿਲਾਂ ਤੋਂ ਬਣੀ ਜਾਇਦਾਦ ਹੈ, ਜਿਸਦੀ ਕੀਮਤ 3 ਮਿਲੀਅਨ ਡਾਲਰ ਤੋਂ ਘੱਟ ਹੈ | ✓ | ✓ | ✓ | ✓ | |
| ਜਾਇਦਾਦ ਵਿੱਚ ਮੌਜੂਦਾ solar PV ਪ੍ਰਣਾਲੀ ਨਹੀਂ ਹੈ (1 ਨਵੰਬਰ 2009 ਤੋਂ ਲੈ ਕੇ) | ✓ | ✓ | | | ✓ |
| ਜਾਇਦਾਦ ਦੇ ਪਤੇ ਨੇ ਪਹਿਲਾਂ Solar Homes Program* ਵਿੱਚ ਹਿੱਸਾ ਨਹੀਂ ਲਿਆ ਹੈ।<br>*ਸਾਡੀ ਗਾਹਕ ਸੇਵਾ ਟੀਮ ਇਸ ਗੱਲ ਦੀ ਪੁਸ਼ਟੀ ਕਰ ਸਕਦੀ ਹੈ, ਕਿ ਕੀ ਕਿਸੇ ਜਾਇਦਾਦ ਨੇ ਪਹਿਲਾਂ Solar Homes Program ਵਿੱਚ ਹਿੱਸਾ ਲਿਆ ਹੈ | ✓ | ✓ | ✓ | ✓ | |
| *ਕਿਰਾਏ 'ਤੇ ਜਾਇਦਾਦ ਦੇਣ ਵਾਲੇ ਅਤੇ ਕਿਰਾਏਦਾਰ ਦੇ ਵਿਚਕਾਰ* Solar Homes Program ਸਮਝੌਤੇ ਉੱਤੇ ਕਿਰਾਏ 'ਤੇ ਜਾਇਦਾਦ ਦੇਣ ਵਾਲੇ ਅਤੇ ਸਾਰੇ ਕਿਰਾਏਦਾਰਾਂ ਦੁਆਰਾ ਦਸਤਖਤ ਕੀਤੇ ਗਏ ਹਨ | | ✓ | | | |
| ਸਾਰੇ ਕਿਰਾਏਦਾਰਾਂ ਦੀ ਕੁੱਲ ਮਿਲਾ ਕੇ ਘਰੇਲੂ ਟੈਕਸਯੋਗ ਆਮਦਨ 180,000 ਡਾਲਰ ਪ੍ਰਤੀ ਸਾਲ ਤੋਂ ਘੱਟ ਹੈ (ਤੁਹਾਡੇ ਆਸਟ੍ਰੇਲੀਅਨ ਟੈਕਸ ਆਫਿਸ ਦੇ ਮੁਲਾਂਕਣ ਨੋਟਿਸ/ਸਾਂ ਦੇ ਆਧਾਰ ਉੱਤੇ) | | ✓ | | | |
| ਜੇ ਗਰਮ ਪਾਣੀ ਪ੍ਰਣਾਲੀ ਨੂੰ ਬਦਲਣਾ ਹੈ ਤਾਂ ਇਸ ਦੀ ਖਰੀਦ ਦੀ ਮਿਤੀ ਘੱਟੋ ਘੱਟ ਤਿੰਨ ਸਾਲ ਪੁਰਾਣੀ ਹੋਣੀ ਚਾਹੀਦੀ ਹੈ | | | ✓ | | |
| ਜਾਇਦਾਦ ਦੀ ਇਮਾਰਤ ਨਵੀਂ ਨਹੀਂ ਬਣੀ ਹੈ | | | ✓ | | |
| ਜਾਇਦਾਦ ਵਿੱਚ ਪਹਿਲਾਂ ਹੀ ਸੋਲਰ PV ਪੈਨਲ ਹਨ ਜਿੰਨ੍ਹਾਂ ਦੀ ਸਮਰੱਥਾ 5kW ਦੇ ਬਰਾਬਰ ਜਾਂ ਇਸ ਤੋਂ ਵੱਧ ਹੈ ਜਾਂ ਸੋਲਰ ਬੈਟਰੀ ਲਗਾਉਣ ਦੇ ਨਾਲ ਇਸ ਨੂੰ ਲਗਾਉਣ ਦਾ ਪ੍ਰਬੰਧ ਕਰ ਰਹੀ ਹੈ | | | | ✓ | |
| ਆਪਣੇ ਊਰਜਾ ਵੰਡਣ ਵਾਲੇ ਸੇਵਾ ਪ੍ਰਦਾਤੇ (DNSP) ਤੋਂ ਪਹਿਲਾਂ ਮਨਜ਼ੂਰੀ ਪ੍ਰਾਪਤ ਕੀਤੀ ਜਾਂਦੀ ਹੈ। ਮਾਲਕ ਆਪਣੇ ਊਰਜਾ ਵੰਡਣ ਵਾਲੇ ਸੇਵਾ ਪ੍ਰਦਾਤੇ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਸਹਿਮਤ ਹੈ/ਹਨ | | | | ✓ | |
| ਸੰਭਾਲ ਕਰਨ ਵਾਲਾ ਹੱਲ ਸਾਡੀ ਮਨਜ਼ੂਰਸ਼ੁਦਾ ਬੈਟਰੀ ਸੂਚੀ ਵਿੱਚ ਸੂਚੀਬੱਧ ਹੈ, ਅਤੇ ਜਾਇਦਾਦ ਵਿੱਚ ਮੌਜੂਦਾ ਊਰਜਾ ਸੰਭਾਲ ਕਰਨ ਵਾਲੀ ਪ੍ਰਣਾਲੀ ਨਹੀਂ ਹੈ | | | | ✓ | |
| ਕਿਸੇ ਅਜਿਹੇ ਕਾਰੋਬਾਰ ਦਾ ਮਾਲਕ ਹੋਣੇ ਚਾਹੀਦੇ ਹੋ, ਜੋ ਘੱਟੋ ਘੱਟ ਇਕ ਵਿਅਕਤੀ ਅਤੇ 20 ਤੋਂ ਘੱਟ ਲੋਕਾਂ ਨੂੰ ਰੁਜ਼ਗਾਰ ਦਿੰਦਾ ਹੈ, ਜਿਸ ਵਿੱਚ ਕਾਰੋਬਾਰੀ ਮਾਲਕ ਸ਼ਾਮਲ ਨਹੀਂ ਹੈ | | | | | ✓ |
| ਉਹਨਾਂ ਇਮਾਰਤਾਂ ਤੋਂ ਕੰਮ ਕਰਦਾ ਹੈ ਜੋ ਗੈਰ-ਰਿਹਾਇਸ਼ੀ ਹਨ ਅਤੇ ਵੱਖਰਾ ਮੀਟਰ ਲੱਗਿਆ ਹੈ | | | | | ✓ |

## ਸਾਨੂੰ ਸੰਪਰਕ ਕਰੋ

ਤੁਸੀਂ www.solar.vic.gov.au ਵਿਖੇ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲੱਭ ਸਕਦੇ ਹੋ ਜਾਂ ਸਾਡੀ ਗਾਹਕ ਸੇਵਾ ਟੀਮ ਨੂੰ 1300 376 393 ਉੱਤੇ ਫੋਨ ਕਰ ਸਕਦੇ ਹੋ (ਕਾਰੋਬਾਰੀ ਘੰਟਿਆਂ ਦੌਰਾਨ)

ਜੇ ਤੁਸੀਂ ਆਪਣੀ ਭਾਸ਼ਾ ਵਿੱਚ ਸਾਡੇ ਨਾਲ ਗੱਲ ਕਰਨਾ ਚਾਹੁੰਦੇ ਹੋ, ਤਾਂ ਤੁਸੀਂ National Translating and Interpreting Service (ਰਾਸ਼ਟਰੀ ਅਨੁਵਾਦ ਅਤੇ ਦੁਭਾਸ਼ੀਆ ਸੇਵਾ) ਨੂੰ 131 450 ਉੱਤੇ ਫੋਨ ਕਰਕੇ ਫ਼ੋਨ ਅਨੁਵਾਦ ਦੀਆਂ ਮੁਫ਼ਤ ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ।

© ਵਿਕਟੋਰੀਆ ਰਾਜ ਦਾ ਵਾਤਾਵਰਣ, ਭੂਮੀ, ਪਾਣੀ ਅਤੇ ਯੋਜਨਾ ਬੰਦੀ ਵਿਭਾਗ 2021

**ਬੇਦਾਅਵਾ**

ਇਹ ਪ੍ਰਕਾਸ਼ਨ ਤੁਹਾਡੇ ਲਈ ਸਹਾਇਤਾ ਵਾਲਾ ਹੋ ਸਕਦਾ ਹੈ, ਪਰ ਵਿਕਟੋਰੀਆ ਰਾਜ ਅਤੇ ਇਸਦੇ ਕਰਮਚਾਰੀ ਇਸ ਗੱਲ ਦੀ ਗਰੰਟੀ ਨਹੀਂ ਦਿੰਦੇ ਕਿ ਪ੍ਰਕਾਸ਼ਨ ਕਿਸੇ ਕਿਸਮ ਦੇ ਨੁਕਸ ਤੋਂ ਬਿਨਾਂ ਹੈ, ਜਾਂ ਤੁਹਾਡੇ ਵਿਸ਼ੇਸ਼ ਉਦੇਸ਼ਾਂ ਲਈ ਪੂਰੀ ਤਰ੍ਹਾਂ ਢੁਕਵਾਂ ਹੈ, ਅਤੇ ਇਸ ਲਈ ਕਿਸੇ ਵੀ ਗਲਤੀ, ਘਾਟੇ ਜਾਂ ਹੋਰ ਨਤੀਜਿਆਂ ਵਾਸਤੇ ਸਾਰੀਆਂ ਦੇਣਦਾਰੀਆਂ ਨੂੰ ਰੱਦ ਕਰਦਾ ਹੈ ਜੋ ਇਸ ਪ੍ਰਕਾਸ਼ਨ ਵਿੱਚ ਕਿਸੇ ਵੀ ਜਾਣਕਾਰੀ 'ਤੇ ਨਿਰਭਰ ਕਰਨ ਤੋਂ ਪੈਦਾ ਹੋ ਸਕਦੀਆਂ ਹਨ।